# ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:) ਅੰਮ੍ਰਿਤਸਰ

ਵੱਲ,

ਸਬੰਧਤ ਮੁੱਖ ਅਧਿਆਪਕ,
ਸ:ਮਿ:ਸ: ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਜੀ-1/2016/3644
ਮਿਤੀ:- 2/5/16

**ਵਿਸ਼ਾ:-** **ਕਾਰਨ ਦੱਸੋ ਨੋਟਿਸ।**

ਹਵਾਲਾ:- ਇਸ ਦਫ਼ਤਰ ਵੱਲੋਂ ਲਈ ਗਈ ਮੀਟਿੰਗ ਮਿਤੀ 25/4/2016 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਹਨਾਂ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ 100 ਤੋਂ ਵੱਧ ਸੀ ਉਹਨਾਂ ਨੂੰ ਹਾਈ ਪੱਧਰ ਤੱਕ ਅੱਪਗ੍ਰੇਡ ਕਰਨ ਲਈ ਇਸ ਦਫ਼ਤਰ ਵੱਲੋਂ ਮਿਤੀ 25/4/2016 ਨੂੰ ਸਵੇਰੇ 10.00 ਵਜੇ ਮੀਟਿੰਗ ਸੱਦੀ ਗਈ ਸੀ ਅਤੇ ਉਹਨਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਸਕੂਲ ਨੂੰ ਅੱਪਗ੍ਰੇਡ ਕਰਨ ਸਬੰਧੀ ਫ਼ਾਈਲ 3 ਪੜ੍ਹਤਾਂ ਵਿੱਚ ਤਿਆਰ ਕਰਕੇ ਮਿਤੀ 26/4/2016 ਨੂੰ ਦਫ਼ਤਰ ਵਿਖੇ ਜਮ੍ਹਾ ਕਰਵਾਈ ਜਾਵੇ। ਪਰ ਅੱਜ ਤੱਕ ਆਪ ਵੱਲੋਂ ਸਕੂਲ ਅੱਪਗ੍ਰੇਡ ਕਰਨ ਦਾ ਕੇਸ ਤਿਆਰ ਕਰਕੇ ਇਸ ਦਫ਼ਤਰ ਨੂੰ ਨਹੀਂ ਭੇਜਿਆ ਗਿਆ। ***ਹੁਣ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਦਾ ਕੇਸ ਤਿਆਰ ਕਰਕੇ ਅਤੇ ਕੇਸ ਮਿਥੀ ਮਿਤੀ ਤੱਕ ਨਾ ਜਮ੍ਹਾਂ ਕਰਵਾਉਣ ਸਬੰਧੀ ਆਪਣਾ ਲਿਖਤੀ ਸਪੱਸਟੀਕਰਨ ਮਿਤੀ 5/5/2016 ਸਮਾਂ ਸਵੇਰੇ 11.00 ਵਜੇ ਤੱਕ ਨਿੱਜੀ ਪੱਧਰ ਤੇ ਹਾਜਰ ਹੋ ਕੇ ਨਿਮਨਹਸ਼ਤਾਖਰੀ ਨੂੰ ਦਿੱਤਾ ਜਾਵੇ।***

**ਜਿਹਨਾਂ ਸਕੂਲਾਂ ਵੱਲੋਂ ਅਜੇ ਤੱਕ ਸਕੂਲ ਅੱਪਗ੍ਰੇਡ ਕਰਨ ਦਾ ਕੇਸ ਦਫ਼ਤਰ ਵਿਖੇ ਜਮ੍ਹਾ ਨਹੀਂ ਕਰਵਾਇਆ ਉਹਨਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ।**

ਆਦਰਸ ਨਗਰ, ਕਾਉਂਕੇ, ਗੁਰਾਲਾ, ਧਰਦਿਓ, ਸੇਖ ਭੱਟੀ, ਧੌਲ ਕਲਾਂ, ਛਾਪਾ ਰਾਮ ਸਿੰਘ, ਵਰਿਆਮ ਨੰਗਲ, ਤਲਵੰਡੀ ਡੋਗਰਾ, ਤੇੜਾ ਰਾਜਪੂਤਾਂ, ਪਤਾਲਪੁਰੀ, ਇਸਲਾਮਾਬਾਦ, ਸਾਰੰਗਦੇਵ, ਮਹਿਤਾ (ਮੁੰਡੇ), ਬੁੱਟਰ ਕਲਾਂ, ਬਾਸਰਕੇ, ਗੰਡਾ ਸਿਘ ਵਾਲਾ, ਪੰਡੋਰੀ ਵੜੈਚ, ਭਰਾੜੀਵਾਲ, ਛਿੱਡਣ, ਖੈਰਾਬਾਦ, ਮੋਹਲਕੇ, ਡੱਗ, ਬੱਲ ਖੁਰਦ, ਗੁਮਟਾਲਾ।

**ਨੋਟ:- ਸਮੂਹ ਕਲੱਸਟਰ ਮੁੱਖੀਆ ਨੂੰ ਲਿਖਿਆ ਜਾਂਦਾ ਹੈ ਕਿ ਉਪਰ ਦਰਸਾਏ ਗਏ ਮਿਡਲ ਸਕੂਲ ਜਿਸ ਕਲੱਸਟਰ ਅਧੀਨ ਆਉਂਦੇ ਹਨ ਉਹ ਕਲੱਸਟਰ ਮੁੱਖੀ ਸਬੰਧਤ ਮਿਡਲ ਸਕੂਲ ਨੂੰ ਜਾਣਕਾਰੀ ਮੁਹੱਈਆ ਕਰਵਾਉਣਾ ਯਕੀਨੀ ਬਣਾਉਣ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।**

ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
ਅੰਮ੍ਰਿਤਸਰ
2/5/16